# ਦਫ਼ਤਰ ਜਿਲ੍ਹਾ ਮੈਜਿਸਟਰੇਟ,ਬਰਨਾਲਾ

(ਐਮ.ਏ.ਸ਼ਾਖਾ)

**ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਹੁਕਮ ਜਿਲ੍ਹਾ ਬਰਨਾਲਾ**

ਹੁਕਮ ਨੰ: 237 /ਐਮ.ਏ. ਮਿਤੀ. 24/04/2019

## ਹੁਕਮ

ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਵੱਖ-ਵੱਖ ਜੱਥੇਬੰਦੀਆਂ ਵੱਲੋਂ ਰੋਸ ਪ੍ਰਦਸ਼ਨ ਦੌਰਾਨ ਸਰਕਾਰੀ/ਪ੍ਰਾਈਵੇਟ ਸੰਪਤੀ ਨੂੰ ਨੁਕਸਾਨ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਮੈਂ, **ਤੇਜ ਪ੍ਰਤਾਪ ਸਿੰਘ ਫੂਲਕਾ, ਆਈ.ਏ.ਐਸ, ਜਿਲ੍ਹਾ ਮੈਜਿਸਟਰੇਟ, ਬਰਨਾਲਾ** ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਜਿਲ੍ਹਾ ਬਰਨਾਲਾ ਦੀਆਂ ਸੀਮਾਵਾਂ ਅੰਦਰ ਅਮਨ-ਕਾਨੂੰਨ ਕਾਇਮ ਰੱਖਣ ਲਈ ਜਲੂਸ ਕੱਢਣ, ਨਾਅਰੇ ਲਗਾਉਣ, ਭੜਕਾਉ ਪ੍ਰਚਾਰ ਕਰਨ, ਪ੍ਰੀਖਿਆ ਕੇਂਦਰਾਂ/ਵਿਦਿਅਕ ਸੰਸਥਾਵਾਂ ਵਿੱਚ ਹੋਣ ਵਾਲੀਆਂ ਵੱਖ-ਵੱਖ ਤਰ੍ਹਾਂ ਦੀਆਂ ਪ੍ਰੀਖਿਆਵਾਂ ਸਮੇਂ ਕਿਸੇ ਵੀ ਵਿਅਕਤੀ/ਵਿਅਕਤੀਆਂ ਵੱਲੋਂ ਨਕਲ ਕਰਵਾਉਣ ਦੇ ਮੰਤਵ ਲਈ ਖੜ੍ਹੇ ਹੋਣ, ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੀ ਇਕੱਤਰਤਾ, ਗੰਡਾਸੇ, ਤੇਜਧਾਰ ਟਕੂਏ, ਕੁਲਹਾੜੀਆਂ, ਵਿਸਫੋਟਕ ਸਮੱਗਰੀ ਅਤੇ ਹੋਰ ਘਾਤਕ ਹਥਿਆਰ/ਅਸਲਾ ਜਨਤਕ ਥਾਵਾਂ ਤੇ ਚੁੱਕ ਕੇ ਚੱਲਣ ਤੇ ਪੂਰਨ ਪਾਬੰਦੀ ਲਗਾਉਂਦਾ ਹਾਂ।

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਨ ਕੀਤਾ ਜਾਂਦਾ ਹੈ। ਇਹ ਹੁਕਮ ਜਿਲ੍ਹਾ ਲੋਕ ਸੰਪਰਕ ਅਫ਼ਸਰ, ਬਰਨਾਲਾ ਵੱਲੋਂ ਪ੍ਰਚਾਰ/ਮੁਨਾਦੀ ਕਰਵਾਕੇ ਅਤੇ ਹੁਕਮ ਦੀਆਂ ਕਾਪੀਆਂ ਪੁਲਿਸ ਸਟੇਸ਼ਨਾਂ/ਸਦਰ ਮੁਕਾਮਾਂ/ਉਪ ਮੰਡਲ ਮੈਜਿਸਟਰੇਟ/ਤਹਿਸੀਲਦਾਰ/ਡੀ.ਡੀ.ਪੀ.ਓ/ਬੀ.ਡੀ.ਪੀ.ਓਜ ਦਫਤਰਾਂ ਦੇ ਨੋਟਿਸ ਬੋਰਡਾਂ ਅਤੇ ਜਿਲ੍ਹਾ ਪੱਧਰ ਦੀਆਂ ਨੁਮਾਇਆ ਥਾਵਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇਗਾ।

**ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਹੋਇਆ, ਜੋ ਮਿਤੀ: 26/04/2019 ਤੋਂ ਲੈਕੇ ਮਿਤੀ: 25/06/2019 ਤੱਕ ਜਿਲ੍ਹਾ ਬਰਨਾਲਾ ਅੰਦਰ ਲਾਗੂ ਰਹੇਗਾ।**

ਜਿਲ੍ਹਾ ਮੈਜਿਸਟਰੇਟ ਬਰਨਾਲਾ

ਤੇਜ ਪ੍ਰਤਾਪ ਸਿੰਘ ਫੂਲਕਾ, ਆਈ.ਏ.ਐਸ.
ਜਿਲ੍ਹਾ ਮੈਜਿਸਟਰੇਟ, ਬਰਨਾਲਾ।

ਪਿੱਠ ਅੰਕਣ ਨੰ 6381-6440/ਐਮ.ਏ ਮਿਤੀ: 25/04/2019

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਪਾਸ ਸੂਚਨਾ/ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-**

1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2) ਪ੍ਰਿੰਸੀਪਲ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ ਚੰਡੀਗੜ੍ਹ।
3) ਕਮਿਸ਼ਨਰ ਪਟਿਆਲਾ ਮੰਡਲ, ਪਟਿਆਲਾ।
4) ਸਕੱਤਰ, ਪੰਜਾਬ ਸਰਕਾਰ, ਟਰਾਂਸਪੋਰਟ ਵਿਭਾਗ, ਚੰਡੀਗੜ੍ਹ।
5) ਡੀ.ਆਈ.ਜੀ (ਸੀ.ਆਈ.ਡੀ) ਪੰਜਾਬ, ਚੰਡੀਗੜ/ਡੀ.ਆਈ.ਜੀ, ਪੁਲਿਸ ਰੇਂਜ ਪਟਿਆਲਾ।
6) ਜਿਲ੍ਹਾ ਮੈਜਿਸਟਰੇਟ ਫਰੀਦਕੋਟ/ਫਿਰੋਜਪੁਰ/ਲੁਧਿਆਣਾ/ਜਲੰਧਰ/ਅੰਮ੍ਰਿਤਸਰ/ਕਪੂਰਥਲਾ/ਹੁਸ਼ਿਆਰਪੁਰ/ਪਟਿਆਲਾ/ਮਾਨਸਾ/ਮੋਗਾ/ਮੁਕਤਸਰ/ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ)/ਫਤਿਹਗੜ੍ਹ ਸਾਹਿਬ/ਸੰਗਰੂਰ/ਗੁਰਦਾਸਪੁਰ/ਫਾਜਿਲਕਾ/ਬਠਿੰਡਾ/ਪਠਾਨਕੋਟ/ਰੂਪਨਗਰ/ਅਜੀਤਗੜ੍ਹ (ਐਸ.ਏ.ਐਸ.ਨਗਰ-ਮੋਹਾਲੀ)/ਤਰਨਤਾਰਨ।
7) ਜਿਲ੍ਹਾ ਅਤੇ ਸ਼ੈਸ਼ਨ ਜੱਜ ਬਰਨਾਲਾ।
8) ਸੀਨੀਅਰ ਕਪਤਾਨ ਪੁਲਿਸ, ਬਰਨਾਲਾ।
9) ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਰਨਾਲਾ।
10) ਉਪ ਮੰਡਲ ਮੈਜਿਸਟਰੇਟ, ਬਰਨਾਲਾ/ਤਪਾ।
11) ਜਿਲ੍ਹਾ ਅਟਾਰਨੀ (ਲੀਗਲ) ਬਰਨਾਲਾ।
12) ਜਿਲ੍ਹਾ ਮਾਲ ਅਫਸਰ ਬਰਨਾਲਾ।
13) ਤਹਿਸੀਲਦਾਰ ਬਰਨਾਲਾ/ਤਪਾ ਅਤੇ ਨਾਇਬ ਤਹਿਸੀਲਦਾਰ ਬਰਨਾਲਾ/ਤਪਾ/ਭਦੌੜ/ਧਨੌਲਾ/ਮਹਿਲਕਲਾਂ।
14) ਡੀ.ਡੀ.ਪੀ.ਓ, ਬਰਨਾਲਾ/ਬੀ.ਡੀ.ਪੀ.ਓਜ ਬਰਨਾਲਾ/ਮਹਿਲਕਲਾਂ/ਸ਼ਹਿਣਾ।
15) ਕਾਰਜ ਸਾਧਕ ਅਫਸਰ, ਨਗਰ ਕੌਂਸਲ ਬਰਨਾਲਾ/ਧਨੌਲਾ/ਤਪਾ/ਭਦੌੜ/ਨਗਰ ਪੰਚਾਇਤ ਹੰਡਿਆਇਆ।
16) ਜਿਲ੍ਹਾ ਲੋਕ ਸੰਪਰਕ ਅਫਸਰ, ਬਰਨਾਲਾ ਪਾਸ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਆਪਣੇ ਪੱਧਰ ਤੇ ਪ੍ਰੈੱਸ ਨੋਟ ਜਾਰੀ ਕੀਤਾ ਜਾਵੇ ਅਤੇ ਪ੍ਰਚਾਰ ਮੁਨਾਦੀ ਕਰਕੇ ਰਿਪੋਰਟ ਇਸ ਦਫਤਰ ਪਾਸ ਭੇਜੀ ਜਾਵੇ।
17) ਜਿਲ੍ਹਾ ਸਿੱਖਿਆ ਅਫਸਰ, (ਐਲੀ/ਸੰਕੈਂ), ਬਰਨਾਲਾ।
18) ਅਫਸਰ ਇੰਚਾਰਜ ਐਲ.ਪੀ.ਏ. ਸ਼ਾਖਾ ਦਫ਼ਤਰ ਹਜਾ ਪਾਸ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿਤ।
19) ਪੀ.ਏ.ਟੂ ਡੀ.ਐਮ./ਸਟੈਨੋ ਟੂ ਏ.ਡੀ.ਐਮ/ਸਟੈਨੋ ਟੂ ਏ.ਸੀ (ਜ/ਸ਼ਿ)ਬਰਨਾਲਾ ਪਾਸ ਅਫ਼ਸਰ ਸਾਹਿਬਾਨ ਦੀ ਜਾਣਕਾਰੀ ਹਿੱਤ।

ਵਾ: ਜਿਲ੍ਹਾ ਮੈਜਿਸਟਰੇਟ
ਬਰਨਾਲਾ।